ਸਰਕਾਰੀ ਕਾਲਜ ਲੜਕੀਆਂ, ਸੈਕਟਰ-11, ਚੰਡੀਗੜ੍ਹ।

ਪਾਠਕ੍ਰਮ: ਬੀ.ਏ. ਭਾਗ- ਦੂਜਾ
(ਪੇਪਰ- ਏ)

ਵਿਸ਼ਾ:- 'ਇੱਕ ਵਿਚਾਰੀ ਮਾਂ' ਇਕਾਂਗੀ ਦੀ ਸਾਹਿਤਕ ਆਲੋਚਨਾ।

ਪ੍ਰਸਤੁਤ ਕਰਤਾ:

ਪ੍ਰੋ: ਕ੍ਰਿਸ਼ਨਾ ਰਾਣੀ,
ਪੰਜਾਬੀ ਵਿਭਾਗ,
ਸਰਕਾਰੀ ਕਾਲਜ ਲੜਕੀਆਂ,
ਸੈਕਟਰ-11, ਚੰਡੀਗੜ੍ਹ।

# ‘ਇੱਕ ਵਿਚਾਰੀ ਮਾਂ’ ਇਕਾਂਗੀ ਦੀ ਸਾਹਿਤਕ ਆਲੋਚਨਾ
## ਇਕਾਂਗੀਕਾਰ ਡਾ: ਹਰਸ਼ਰਨ ਸਿੰਘ

ਮੁੱਖ ਪਾਤਰ:–

| | |
|---|---|
| ਰਾਜੋ | (ਰਜ਼ੀਆ) |
| ਨੱਥਾ ਸਿੰਘ– | ਰਾਜੋ ਦਾ ਪਤੀ |
| ਧਰਮਾ ਤੇ ਬੀਰਾ– | ਨੱਥਾ ਸਿੰਘ ਤੇ ਰਾਜੋ ਦੇ ਬੱਚੇ |
| ਅਸਗਰ ਤੇ ਗਫੂਰ– | ਰਾਜੋ ਦੇ ਮੁਸਲਮਾਨ ਬੱਚੇ |
| ਸ਼ਿਵ ਸਿੰਘ– | ਪੁਲਿਸ ਦਾ ਮੁਖਬਰ |
| ਨੱਥਾ ਸਿੰਘ ਦੀ ਮਾਂ | |
| ਜਮਾਲ– | ਇੱਕ ਪੁਲਿਸ ਅਫਸਰ |

ਲੇਖਕ ਸਬੰਧੀ:– ਡਾ. ਹਰਸ਼ਰਨ ਸਿੰਘ ਜੀ ਦਾ ਜਨਮ 10 ਫਰਵਰੀ 1929 ਈ: ਨੂੰ ਪਿੰਡ ਗੁੱਜਰਖਾਨ (ਪਾਕਿਸਤਾਨ) ਵਿੱਚ ਹੋਇਆ। ਐਮ.ਏ. ਪੰਜਾਬੀ ਤੱਕ ਦੀ ਸਿੱਖਿਆ ਪ੍ਰਾਪਤ ਕੀਤੀ।

ਲੇਖਕ ਦੇ ਪੂਰੇ ਨਾਟਕ:– ਜਿਗਰਾ, ਫੁੱਲ ਕੁਮਲਾ ਗਿਆ, ਤੇ ਉਦਾਸ ਲੋਕ

# ਇੱਕ ਵਿਚਾਰੀ ਮਾਂ- ਲੇਖਕ ਡਾ. ਹਰਸ਼ਰਨ ਸਿੰਘ

ਇਸ ਪਾਠ ਦੇ ਸ਼ਕਤੀ ਬਿੰਦੂ ਜਾਂ ਮੁੱਖ ਅੰਸ਼ः-

- 1947 ਈਸਵੀ ਦੇ ਸਮੇਂ ਵਾਪਰੇ ਘੱਲੂਘਾਰੇ ਦੀ ਤ੍ਰਾਸਦਿਕ ਤਸਵੀਰ
- ਭਾਰਤ ਤੇ ਪਾਕਿਸਤਾਨ ਦੀ ਵੰਡ ਸਮੇਂ ਔਰਤਾਂ ਦੀ ਦੁਰਦਸ਼ਾ
- ਮਾਨਸਿਕ ਸੰਤਾਪ ਨੂੰ ਹੰਢਾਉਂਦੀ ਰਾਜੋ ਉਰਫ ਰਜ਼ੀਆ
- ਦੇਸ਼ ਵੰਡ ਦੇ ਉਜਾੜੇ ਸਮੇਂ ਆਮ ਲੋਕਾਂ ਦੀ ਹਾਲਤ
- ਲੋਕਾਂ ਦਾ ਘਰਾਂ ਤੋਂ ਬੇਘਰ ਹੋ ਜਾਣਾ
- ਕਤਲੋਗਾਰਤ ਹੋਣੀ
- ਉਧਾਲੀਆਂ ਔਰਤਾਂ ਦਾ ਸਮਾਜ ਵਿੱਚ ਸਥਾਨ
- ਮਾਂ ਤੋਂ ਵਿਛੜ ਕੇ ਜੀਊਣ ਵਾਲੇ ਬੱਚਿਆਂ ਦੀ ਤਰਸਯੋਗ ਹਾਲਤ
- ਆਪਣੇ ਘਰ ਪਰਿਵਾਰ ਤੋ ਵਿਛੜ ਕੇ, ਜ਼ਬਰਦਸਤੀ ਦਾ ਸ਼ਿਕਾਰ ਹੋਈ ਔਰਤ ਰਜ਼ੀਆ ਦੀ ਮਨੋ-ਦਸ਼ਾ
- ਨੱਥਾ ਸਿੰਘ ਤੇ ਉਸਦੀ ਮਾਂ ਵਲੋਂ ਮਜੱਹਬੀ ਦੌਰ ਦੀ ਸੋਚ
- ਇਸ ਜੰਗ ਨਾਲ ਹੋਏ ਜਾਨੀ ਨੁਕਸਾਨ ਸਬੰਧੀ ਵੇਰਵਾ
- ਯਤੀਮ ਹੋਏ ਬੱਚਿਆਂ ਦੀ ਮਨੋਸਥਿਤੀ
- ਇੱਕ ਵਾਰ ਘਰ ਵਸਾਉਣ ਤੋਂ ਬਾਅਦ ਘਰ ਦਾ ਉਜੜਨਾ, ਫਿਰ ਵਸਾਉਣਾ ਤੇ ਫੇਰ ਕਿਸੇ ਕਾਨੂੰਨ ਦੀ ਵਜਾਹ ਕਰਕੇ ਘਰ ਦਾ ਉਜੜਨਾ ਅਤੇ ਉਸ ਉਜਾੜੇ ਨੂੰ ਸਹਿਣ ਨਾ ਕਰਦੀ ਹੋਈ ਔਰਤ ਰਾਜੋ ਵਲੋਂ ਚੁਗਾਠ'ਚ ਪੈਰ ਅੜ ਕੇ ਡਿੱਗ ਕੇ ਮਰ ਜਾਣਾ।
- ਜੰਗ ਦੌਰਾਨ ਹੋਣ ਵਾਲੇ ਖਰਚੇ ਦਾ ਬੋਝ ਦੋਹਾਂ ਪਾਸਿਆਂ ਦੀ ਆਮ ਜਨਤਾ ਦੇ ਸਿਰ ਪੈ ਜਾਣਾ।

- ਨਿਸ਼ਕਰਸ਼ਃ ਜੰਗ ਨਾਲ ਹੋਏ ਨੁਕਸਾਨ ਪ੍ਰਤੀ ਲੋਕਾਂ ਅੰਦਰ ਜੰਗ ਪ੍ਰਤੀ ਨਫਰਤ ਪੈਦਾ ਕਰਨੀ ਤੇ ਆਪਣੀ ਸੋਚ ਨੂੰ ਨਾਕਾਰਤਮਕ ਤੋਂ ਸਾਕਾਰਤਮਕ ਪਹਿਲੂ ਵੱਲ ਲਗਾਉਣਾ।

## ਇੱਕ ਵਿਚਾਰੀ ਮਾਂ:- ਇਕਾਂਗੀ ਦਾ ਵਿਸ਼ਾ

- 1947 ਈ. ਸਮੇਂ ਦੇਸ਼ ਦੀ ਵੰਡ ਨਾਲ ਸਬੰਧਤ ਇਕਾਂਗੀ ਉਧਾਲੀਆਂ ਹੋਈਆਂ ਔਰਤਾਂ ਦੀ ਦਰਦਨਾਕ ਤਸਵੀਰ ਪੇਸ਼ ਕਰਦਾ ਹੈ। ਪਾਠਕਾਂ ਜਾਂ ਸਰੋਤਿਆਂ ਅੰਦਰ ਜੰਗ ਦੇ ਭੈੜੇ ਨਤੀਜਿਆਂ ਨੂੰ ਪੇਸ਼ ਕਰਕੇ ਜੰਗ ਦਾ ਵਿਰੋਧ ਕਰਨ ਦੀ ਸਮਰੱਥਾ ਪੈਦਾ ਕਰਦਾ ਹੈ।
- ਘਰਾਂ ਤੋਂ ਬੇਘਰ ਹੋ ਕੇ ਸ਼ਰਨਾਰਥੀ ਜੀਵਨ ਜੀਉਣ ਲਈ ਮਜ਼ਬੂਰ ਕਰਨ ਵਾਲੇ ਉਨ੍ਹਾਂ ਤੱਤਾਂ ਤੋਂ ਅਗਾਂਹ ਕਰਦਾ ਹੈ ਜਿਨ੍ਹਾਂ ਕਰਕੇ ਅਨੇਕਾਂ ਸੁੱਖੀ ਵਸਦੇ ਲੋਕ ਦੁੱਖਾਂ ਦੀ ਡੂੰਘੀ ਖਾਈ ਵਿੱਚ ਡਿੱਗਦੇ ਰਹੇ ਹਨ।
- ਮਾਸੂਮ ਬੱਚੇ ਆਪਣੇ ਮਾਪਿਆਂ ਤੋਂ ਵਿਛੜ ਕੇ ਇਕੱਲਤਾ ਦਾ ਜੀਵਨ ਜੀਉਣ ਲਈ ਮਜ਼ਬੂਰ ਹੋਏ ਹਨ।
- **ਮਾਂ ਦੀ ਮਮਤਾ:-**
- ਰਾਜੋ ਨੂੰ ਆਪਣੇ ਪਿਆਰ ਸਦਕਾ ਸਿੱਖ ਬੱਚੇ ਧਰਮਾਂ ਤੇ ਬੀਰਾ, ਮੁਸਲਮਾਨ ਬੱਚੇ ਅਸਗਰ ਤੇ ਗਫੂਰ ਇਕੋ ਜਿੰਨੇ ਪਿਆਰੇ ਹਨ।
- ਕੋਈ ਵੀ ਦੇਸ਼ ਦੀ ਸਰਹੱਦ ਉਨ੍ਹਾਂ ਦੇ ਪਿਆਰ ਨੂੰ ਵੰਡ ਨਹੀਂ ਸਕਦੀ।
- ਜੇ ਕੋਈ ਸਰਹੱਦ ਉਸਦੇ ਪਿਆਰ ਨੂੰ ਵੰਡਣ ਦਾ ਯਤਨ ਕਰਦੀ ਹੈ ਤਾਂ ਉਹ ਆਪਣੀ ਕੁਰਬਾਨੀ ਦੇ ਕੇ ਮੌਤ ਦੇ ਦਰ ਤੇ ਦਰਤਕ ਦੇ ਦਿੰਦੀ ਹੈ ਤੇ ਰੱਬ ਨੂੰ ਪਿਆਰੀ ਹੋ ਜਾਂਦੀ ਹੈ।
- ਬੱਚਿਆਂ ਦੇ ਪਿਆਰ ਵਿੱਚ ਅੜਿੱਕਾ ਡਾਹੁਣ ਵਾਲੀਆਂ ਤਾਕਤਾਂ ਪ੍ਰਤੀ ਮਨ ਅੰਦਰ ਨਫਰਤ ਪੈਦਾ ਹੋ ਜਾਣੀ ਇਸ ਇਕਾਂਗੀ ਦਾ ਮੁੱਖ ਵਿਸ਼ਾ ਹੈ। ਇਸ ਇਕਾਂਗੀ ਦੀ ਸਾਰਥਕਤਾ ਹੈ।
- ਫਿਰਕੂ ਫਸਾਦਾਂ ਸਮੇਂ ਆਮ ਪਰਿਵਾਰਾਂ ਉਤੇ ਵਾਪਰੇ ਕਹਿਰ ਦੀ ਜ਼ਿੰਦਾ ਮਿਸਾਲ ਹੈ।

ਕ੍ਰਿਸ਼ਨਾ ਰਾਣੀ,
ਪੰਜਾਬੀ ਵਿਭਾਗ।